# ਭਾਰਤ ਵਿੱਚ ਦਰਜ ਬਦਲਦੇ ਮੌਸਮ ਲਈ ਢੁੱਕਵੀਆਂ, ਵੱਧ ਦੁੱਧ ਦੇਣ ਵਾਲੀਆਂ ਦੋਗ਼ਲੀਆਂ ਗਾਂਵਾਂ ਦੀਆਂ ਨਸਲਾਂ

ਦੁੱਧ ਦੀ ਪੈਦਾਵਾਰ ਵਿੱਚ ਸੁਧਾਰ ਕਰਨ ਅਤੇ ਬਦਲਦੇ ਮੌਸਮ ਪ੍ਰਤੀ ਸਹਿਨਸ਼ੀਲਤਾ ਵਧਾਉਣ ਲਈ, ਦੇਸ ਵਿੱਚ ਕਈ ਦੋਗ਼ਲੀਆਂ ਗਾਂਵਾਂ ਦੀਆਂ ਨਸਲਾਂ ਵਿਕਸਿਤ ਕੀਤੀਆਂ ਗਈਆਂ ਹਨ ਜਿਨ੍ਹਾਂ ਨੂੰ ਭਾਰਤ ਸਰਕਾਰ ਨੇ ਮਾਨਤਾ ਦਿੱਤੀ ਹੈ। ਇਹ ਨਸਲਾਂ ਵਿਦੇਸ਼ੀ ਵੱਧ-ਪੈਦਾਵਾਰ ਵਾਲੇ ਜੈਨੇਟਿਕ ਲੱਛਣਾਂ ਨੂੰ ਭਾਰਤੀ ਹਾਲਾਤ ਨਾਲ ਅਨੁਕੂਲ ਦੇਸੀ ਲੱਛਣਾਂ ਨਾਲ ਜੋੜਦੀਆਂ ਹਨ, ਜਿਸ ਨਾਲ ਦੁੱਧ ਦੀ ਪੈਦਾਵਾਰ ਵਿੱਚ ਸੁਧਾਰ ਹੁੰਦਾ ਹੈ।

ਭਾਰਤ ਸਰਕਾਰ ਦੇ ਨੈਸ਼ਨਲ ਬਿਊਰੋ ਆਫ ਐਨੀਮਲ ਜੈਨੇਟਿਕ ਰਿਸੋਰਸਜ਼ (ਐਨ ਬੀ ਏ ਜੀ ਆਰ), ਕਰਨਾਲ, ਹਰਿਆਣਾ ਨੇ ਹੁਣ ਤੱਕ ਤਿੰਨ ਦੋਗ਼ਲੀਆਂ ਗਾਂਵਾਂ ਦੀਆਂ ਨਸਲਾਂ ਦਰਜ ਕੀਤੀਆਂ ਹਨ। ਇਹ ਹਨ: ਫ਼੍ਰੀਜ਼ਵਾਲ, ਕਰਨ ਫ਼੍ਰੀਜ਼ ਅਤੇ ਵ੍ਰਿੰਦਾਵਨੀ।

ਫ਼੍ਰੀਜ਼ਵਾਲ ਇੱਕ ਹਾਈਬ੍ਰਿਡ ਗਾਂ ਦੀ ਨਸਲ ਹੈ ਜਿਸਨੂੰ ਸੈਂਟਰਲ ਇੰਸਟੀਟਿਊਟ ਫਾਰ ਰਿਸਰਚ ਆਨ ਕੈਟਲ (ਸੀ ਆਈ ਆਰ ਸੀ), ਮੇਰਠ, ਉੱਤਰ ਪ੍ਰਦੇਸ਼, ਨੇ ਸਹੀਵਾਲ ਅਤੇ ਹੋਲਸਟਿਨ ਫ਼੍ਰੀਜ਼ੀਅਨ ਨਸਲਾਂ ਨੂੰ ਮਿਲਾ ਕੇ ਤਿਆਰ ਕੀਤਾ ਹੈ। ਦਸੰਬਰ 2023 ਵਿੱਚ ਐਨ ਬੀ ਏ ਜੀ ਆਰ ਨੇ ਫ਼੍ਰੀਜ਼ਵਾਲ ਗਾਂ ਨੂੰ ਦਰਜ ਕੀਤਾ, ਜਿਸ ਨਾਲ ਇਹ ਭਾਰਤ ਦੀ ਪਹਿਲੀ ਮਸਨੂਈ ਤੌਰ 'ਤੇ ਵਿਕਸਿਤ ਗਾਂ ਦੀ ਨਸਲ ਬਣੀ।

- ਇਹ ਨਸਲ ਦੇਸ਼ ਦੇ ਵੱਖ-ਵੱਖ ਖੇਤੀ-ਜਲਵਾਯੂ ਖੇਤਰਾਂ ਲਈ ਢੁੱਕਵੀਂ ਹੈ
- ਫ਼੍ਰੀਜ਼ਵਾਲ ਗਾਂ ਵਧੀਆ ਮਾਤਰਾ ਵਿੱਚ ਦੁੱਧ ਦੇਣ ਲਈ ਜਾਣੀ ਜਾਂਦੀ ਹੈ
- ਇਹ ਗਾਂ ਇੱਕ ਸੂਏ ਵਿੱਚ ਲਗਭਗ 300 ਦਿਨ ਦੁੱਧ ਦਿੰਦੀ ਹੈ
- ਇਸ ਦੀ ਔਸਤ ਦੁੱਧ ਉਤਪਾਦਨ ਪ੍ਰਤੀ ਸੂਆ 3,300 ਕਿਲੋਗ੍ਰਾਮ ਹੈ
- ਇਸ ਦੇ ਦੁੱਧ ਵਿੱਚ 4% ਫੈਟ ਹੁੰਦਾ ਹੈ।

ਐਨ ਬੀ ਏ ਜੀ ਆਰ ਨੇ 2025-2026 ਦੇ ਦੌਰਾਨ ਦੋ ਹੋਰ ਦੋਗ਼ਲੀਆਂ ਨਸਲਾਂ — ਕਰਨ ਫ਼੍ਰੀਜ਼ ਅਤੇ ਵ੍ਰਿੰਦਾਵਨੀ — ਦਰਜ ਕੀਤੀਆਂ।

ਕਰਣ ਫ਼੍ਰੀਜ਼ ਨਸਲ ਨੈਸ਼ਨਲ ਡੇਅਰੀ ਰਿਸਰਚ ਇੰਸਟੀਟਿਊਟ (ਐਨ ਡੀ ਆਰ ਆਈ), ਕਰਨਾਲ ਵੱਲੋਂ ਵਿਕਸਿਤ ਕੀਤੀ ਗਈ ਹੈ।

- ਇਹ ਨਸਲ ਹੋਲਸਟਿਨ ਫ੍ਰੀਜ਼ੀਅਨ (ਐਚ ਐਫ) ਅਤੇ ਦੇਸੀ ਥਰਪਾਰਕਰ ਨਸਲਾਂ ਨੂੰ ਮਿਲਾ ਕੇ ਬਣਾਈ ਗਈ ਹੈ
- ਇੱਕ ਸੂਏ ਵਿੱਚ ਕਰਣ ਫ੍ਰੀਜ਼ ਗਾਂ ਦਾ ਔਸਤ ਦੁੱਧ ਉਤਪਾਦਨ 3,550 ਕਿਲੋਗ੍ਰਾਮ ਹੈ
- ਇਹ ਨਸਲ 305 ਦਿਨਾਂ ਦੇ ਇੱਕ ਸੂਏ ਵਿੱਚ ਵੱਧ ਤੋਂ ਵੱਧ 5,851 ਕਿਲੋਗ੍ਰਾਮ ਦੁੱਧ ਦੇਣ ਦੀ ਸਮਰੱਥਾ ਰੱਖਦੀ ਹੈ

ਵ੍ਰਿੰਦਾਵਨੀ ਨਸਲ ਇੰਡੀਆਨ ਵੈਟਨਰੀ ਰਿਸਰਚ ਇੰਸਟੀਟਿਊਟ (ਆਈ ਵੀ ਆਰ ਆਈ), ਇਜ਼ਤਨਗਰ, ਬਰੇਲੀ, ਉੱਤਰ ਪ੍ਰਦੇਸ਼ ਵੱਲੋਂ ਵਿਕਸਿਤ ਕੀਤੀ ਗਈ ਹੈ।

- ਇਹ ਨਸਲ ਹੋਲਸਟਿਨ ਫ੍ਰੀਜ਼ੀਅਨ (39.5%), ਹਰਿਆਣਾ (26.9%), ਜਰਸੀ (22%) ਅਤੇ ਬ੍ਰਾਊਨ ਸਵਿਸ (10.7%) ਦੇ ਮਿਲਾਪ ਨਾਲ ਬਣੀ ਹੈ
- ਵ੍ਰਿੰਦਾਵਨੀ ਨਸਲ ਬਰੇਲੀ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਪਰਚਲਤ ਹੈ
- ਇਹ ਨਸਲ ਪ੍ਰਤੀ ਸੂਆ 3,000–3,500 ਕਿਲੋਗ੍ਰਾਮ ਦੁੱਧ ਦਿੰਦੀ ਹੈ